a2zpapers.com

Exam. Code : 110102
Subject Code : 3800

# Bachelor of Vocation (Banking & Financial Services)

## 2nd Semester

## ਪੰਜਾਬੀ ਲਾਜ਼ਮੀ

## Paper–BVC–201 (i)

Time Allowed—3 Hours] [Maximum Marks—50

**ਨੋਟ :-** ਸਾਰੇ ਪ੍ਰਸ਼ਨ ਲਾਜ਼ਮੀ ਹਨ।

1. 'ਅੱਖਾਂ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ।

**ਜਾਂ**

'ਮਨੁੱਖੀ ਅਧਿਕਾਰ' ਲੇਖ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ। 10

2. 'ਦਲਦਲ' ਕਹਾਣੀ ਦਾ ਵਿਸ਼ਾ ਵਸਤੂ ਦੱਸ ਕੇ ਉਸਦੇ ਮੁੱਖ ਪਾਤਰਾਂ ਦਾ ਪਾਤਰ ਚਿਤਰਣ ਵੀ ਕਰੋ।

**ਜਾਂ**

ਮੋਹਨ ਭੰਡਾਰੀ ਦੇ ਜੀਵਨ ਅਤੇ ਰਚਨਾ ਬਾਰੇ ਚਰਚਾ ਕਰਦਿਆਂ ਉਸਦੀ ਕਹਾਣੀ 'ਘੋਟਣਾ' ਰਾਹੀਂ ਉਸਦੀ ਕਹਾਣੀ ਕਲਾ ਬਾਰੇ ਚਰਚਾ ਕਰੋ। 10

3. ਸ਼ਬਦ ਰਚਨਾ ਤੋਂ ਕੀ ਭਾਵ ਹੈ ? ਪੰਜਾਬੀ ਭਾਸ਼ਾ ਦੇ ਪ੍ਰਸੰਗ ਵਿਚ ਸ਼ਬਦ ਬਣਤਰ ਦੇ ਪੈਟਰਨਾਂ ਦਾ ਉਲੇਖ ਕਰੋ। 5

4. ਨਾਂਵ ਦੀ ਪਰਿਭਾਸ਼ਾ ਦੇ ਕੇ ਇਸ ਦੀਆਂ ਵੱਖ-ਵੱਖ ਕਿਸਮਾਂ ਬਾਰੇ ਵੀ ਦੱਸੋ। 5



www.a2zpapers.com www.a2zpapers.com
ad free old Question papers gndu, ptu hp board, punjab

a2zpapers.com

5. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਤੇ ਪੈਰ੍ਹਾ ਰਚਨਾ ਕਰੋ :
(ੳ) ਕਿਸਾਨੀ ਜੀਵਨ ਵਿਚ ਪਰਾਲੀ ਅਤੇ ਨਾੜ (ਫਸਲਾਂ ਦੀ ਰਹਿੰਦ ਖੂੰਹਦ) ਨੂੰ ਸਾਂਭਣ ਦੀ ਸਮੱਸਿਆ।
(ਅ) ਪੰਜਾਬੀ ਵਿਦਿਆਰਥੀਆਂ ਦੀ ਯੂਰਪ ਵੱਲ ਪ੍ਰਵਾਜ਼।
(ੲ) ਸੜਕ ਹਾਦਸਿਆਂ ਦੇ ਮੁੱਖ ਕਾਰਨ। 5

6. ਪੈਰ੍ਹਾ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ :

ਮਨੋਵਿਗਿਆਨੀ ਦੱਸਦੇ ਹਨ ਕਿ ਮਨ ਦੀ ਅਵਸਥਾ ਦਾ ਸਰੀਰ ਉੱਤੇ, ਅਰੋਗਤਾ ਉੱਤੇ ਅਤੇ ਦਿਮਾਗ ਉੱਤੇ ਬੜਾ ਪ੍ਰਭਾਵ ਪੈਂਦਾ ਹੈ। ਜੇ ਮਨ ਵਿਚ ਕਰੋਧ ਪੈਦਾ ਹੋ ਜਾਵੇ ਤਾਂ ਅੱਖਾਂ ਲਾਲ ਹੋ ਜਾਂਦੀਆਂ ਹਨ, ਸਰੀਰ ਕੰਬਣ ਲੱਗ ਪੈਂਦਾ ਹੈ, ਉਦਾਸੀ ਛਾ ਜਾਂਦੀ ਹੈ, ਕੋਈ ਕੰਮ ਕਰਨ ਤੇ ਜੀਅ ਨਹੀਂ ਕਰਦਾ, ਲਿਖਣ-ਪੜ੍ਹਨ ਦਾ ਕੰਮ ਉੱਕਾ ਨਹੀਂ ਹੋ ਸਕਦਾ। ਲਗਾਤਾਰ ਚਿੰਤਾ 'ਤੇ ਫਿਕਰ ਦੇ ਕਾਰਨ ਮਨੁੱਖ ਬੀਮਾਰ ਪੈ ਜਾਂਦਾ ਹੈ। ਬਲੱਡ ਪ੍ਰੈਸ਼ਰ ਹੋ ਜਾਂਦਾ ਹੈ। ਇਸ ਦੇ ਉਲਟ ਖੁਸ਼ੀ ਤੇ ਪ੍ਰਸੰਨਤਾ ਮਨੁੱਖ ਦੀ ਥਕਾਵਟ ਦੂਰ ਕਰ ਦਿੰਦੇ ਹਨ। ਚਿੰਤਾ, ਫਿਕਰ ਤੇ ਉਦਾਸੀ ਦੂਰ ਹੋ ਜਾਂਦੀ ਹੈ। ਹਰ ਕੰਮ ਚਾਅ ਨਾਲ ਕਰਨ ਦਾ ਜੀਅ ਕਰਦਾ ਹੈ। ਇਸ ਤੋਂ ਜ਼ਾਹਰ ਹੈ ਥਕਾਵਟ, ਉਦਾਸੀ ਤੇ ਚਿੰਤਾ ਫਿਕਰ ਦੂਰ ਕਰਨ ਲਈ ਮਨੋਰੰਜਨ ਦੇ ਸਾਧਨਾ ਦੇ ਪ੍ਰਬੰਧ ਕਰਨੇ ਬੜੇ ਜਰੂਰੀ ਹਨ। ਮਨੋਰੰਜਨ ਜਾਂ ਦਿਲ ਪ੍ਰਚਾਵੇ ਦੀ ਮਨੁੱਖੀ ਜੀਵਨ ਵਿਚ ਇਤਨੀ ਲੋੜ ਹੈ ਜਿਤਨੀ ਦਾਲ-ਭਾਜੀ ਵਿਚ ਨਮਕ ਦੀ ਅਤੇ ਭੋਜਨ ਵਿਚ ਚਟਨੀ ਆਚਾਰ ਦੀ। ਜਿਹੜਾ ਆਦਮੀ ਦਿਨ ਭਰ ਕੰਮ ਵਿਚ ਰੁੱਝਾ ਰਹਿੰਦਾ ਹੈ ਅਤੇ ਰਾਤ ਘਰ ਦੇ ਫਿਕਰਾਂ ਵਿਚ ਗੁਜ਼ਾਰ ਦੇਂਦਾ ਹੈ, ਉਸ ਦੀ ਨੀਂਦ ਤੇ ਭੁੱਖ ਘੱਟਣ ਲੱਗ ਪੈਂਦੀ ਹੈ ਤੇ ਉਹ ਬਿਮਾਰ ਪੈ ਜਾਂਦਾ ਹੈ।

ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਓ :

(1) ਕੀ ਮਨ ਦੀ ਅਵਸਥਾ ਦਾ ਮਨੁੱਖੀ ਸਰੀਰ ਤੇ ਪ੍ਰਭਾਵ ਪੈਂਦਾ ਹੈ ?



www.a2zpapers.com www.a2zpapers.com
ad free old Question papers gndu, ptu hp board, punjab

a2zpapers.com

(2) ਖੁਸ਼ੀ ਤੇ ਪ੍ਰਸੰਨਤਾ ਦਾ ਮਨੁੱਖੀ ਸਰੀਰ ਤੇ ਕੀ ਅਸਰ ਪੈਂਦਾ ਹੈ ?

(3) ਇਸ ਪੈਰ੍ਹੇ ਦਾ ਢੁਕਵਾਂ ਸਿਰਲੇਖ ਦਿਓ।

(4) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

(5) ਕਿਹੜਾ ਮਨੁੱਖ ਬੀਮਾਰ ਹੁੰਦਾ ਹੈ ? 5

### ਭਾਗ–ੳ

7. ਹੇਠ ਲਿਖੇ ਅਖਾਣਾਂ ਵਿਚੋਂ ਕਿਸੇ **ਪੰਜ** ਦੇ ਅਰਥ ਦੱਸ ਕੇ ਉਹਨਾਂ ਨੂੰ ਵਾਕਾਂ ਵਿਚ ਵਰਤੋ :

ਅੰਬਾਂ ਦੀ ਭੁੱਖ ਅੰਬਾਕੜੀਆਂ ਨਾਲ ਨਹੀਂ ਲਹਿੰਦੀ

ਆਪਣੀ ਅਕਲ ਤੇ ਪਰਾਇਆ ਧਨ ਬਹੁਤਾ ਜਾਪਦਾ ਹੈ

ਹੱਥ ਨੂੰ ਹੱਥ ਧੋਂਦਾ ਹੈ

ਸੱਦੀ ਨਾ ਬੁਲਾਈ ਮੈਂ ਲਾੜੇ ਦੀ ਤਾਈ

ਕਿੱਥੇ ਰਾਜਾ ਭੋਜ ਕਿੱਥੇ ਗੰਗੂ ਤੇਲੀ

ਚੋਰ ਤੇ ਲਾਠੀ ਦੋ ਜਣੇ ਮੈਂ ਤੇ ਭਾਈਆ ਕੱਲੇ

ਛੱਜ ਤਾਂ ਬੋਲੇ ਛਾਨਣੀ ਕਿਉਂ ਬੋਲੇ

ਪਾਣੀ ਵਿਚ ਸੋਟਾ ਮਾਰਿਆਂ ਪਾਣੀ ਦੋ ਨਹੀਂ ਹੋ ਜਾਂਦੇ।

### ਭਾਗ–ਅ

ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ **ਪੰਜ** ਦੇ ਅਰਥ ਦੱਸ ਕੇ ਉਹਨਾਂ ਨੂੰ ਵਾਕਾਂ ਵਿਚ ਵਰਤੋ :

ਸਿਰ ਤੇ ਹੱਥ ਧਰਨਾ, ਸਿਰ ਫੇਰਨਾ, ਹੱਥਾਂ ਦਾ ਸੁੱਚਾ ਹੋਣਾ, ਖੁੰਬ ਠੱਪਣੀ, ਕੌੜਾ ਘੁੱਟ ਭਰਨਾ, ਛੂ ਮੰਤਰ ਹੋ ਜਾਣਾ, ਜਾਨ ਸੁੱਕਣੀ, ਦੀਵਾ ਗੁੱਲ ਹੋਣਾ, ਫੂਕ ਨਿਕਲਣੀ। 5+5=10



www.a2zpapers.com www.a2zpapers.com
ad free old Question papers gndu, ptu hp board, punjab